ਨੰ: 3/28/2009-ਰਸ1/ 1601

ਪੰਜਾਬ ਸਰਕਾਰ

ਭਲਾਈ ਵਿਭਾਗ

(ਰਿਜ਼ਰਵੇਸ਼ਨ ਸੈੱਲ)

ਸੇਵਾ ਵਿਖੇ,

ਰਾਜ ਦੇ ਸਮੂਹ ਵਿਭਾਗਾਂ ਦੇ ਮੁੱਖੀ,
ਡਵੀਜ਼ਨਾਂ ਦੇ ਕਮਿਸ਼ਨਰ,
ਰਜਿਸਟਰਾਰ ਪੰਜਾਬ ਅਤੇ ਹਰਿਆਣਾ ਹਾਈ-ਕੋਰਟ,
ਰਾਜ ਦੇ ਸਮੂਹ ਡਿਪਟੀ ਕਮਿਸ਼ਨਰ,
ਰਾਜ ਦੇ ਸਮੂਹ ਜ਼ਿਲ੍ਹਾਂ ਤੇ ਸੈਸ਼ਨ ਜੱਜ, ਅਤੇ
ਸਮੂਹ ਉਪ ਮੰਡਲ ਅਫਸਰ (ਸਿਵਲ)।

ਮਿਤੀ, ਚੰਡੀਗੜ੍ਹ, 9/11/09

ਵਿਸ਼ਾ:- ਸੀਨੀਆਰਤਾ ਦੇ ਆਧਾਰ ਤੇ ਚੁਣੇ ਗਏ ਅਨੁਸੂਚਿਤ ਜਾਤੀ ਦੇ ਉਮੀਦਵਾਰਾਂ ਨੂੰ ਰਿਜ਼ਰਵੇਸ਼ਨ ਦਾ ਹਿਸਾਬ ਲਗਾਉਂਦੇ ਸਮੇਂ ਰਿਜ਼ਰਵ ਕੋਟੇ ਵਿਚ ਨਾ ਗਿਨਣ ਬਾਰੇ।

*******

ਸ੍ਰੀਮਾਨ ਜੀ,

ਮੈਨੂੰ ਉਪਰੋਕਤ ਵਿਸ਼ੇ ਸਬੰਧੀ ਆਪ ਦਾ ਧਿਆਨ ਸਰਕਾਰ ਦੇ ਪੱਤਰ ਨੰ: 2/27/2004-ਰਸ1/1763-71, ਮਿਤੀ 30.12.2004 ਵੱਲ ਦਿਵਾਉਣ ਅਤੇ ਇਹ ਦੱਸਣ ਦੀ ਹਦਾਇਤ ਹੋਈ ਹੈ ਕਿ ਸੀਨੀਆਰਤਾ-ਕਮ-ਮੈਰਿਟ ਦੇ ਆਧਾਰ ਤੇ ਨਿਯੁਕਤ ਹੋਏ/ਪਦ-ਉੱਨਤ ਹੋਏ ਅਨੁਸੂਚਿਤ ਜਾਤੀ ਅਤੇ ਪਛੜੀਆਂ ਸ਼੍ਰੇਣੀਆਂ ਦੇ ਕਰਮਚਾਰੀਆਂ/ਅਧਿਕਾਰੀਆਂ ਨੂੰ ਰਿਜ਼ਰਵੇਸ਼ਨ ਦਾ ਹਿਸਾਬ ਲਗਾਉਂਦੇ ਸਮੇਂ ਕਈ ਵਿਭਾਗਾਂ ਵਲੋਂ ਰਾਖਵੇਂਕਰਨ ਵਿੱਚ ਗਿਨਣ ਸਬੰਧੀ ਮਾਮਲਾ ਸਰਕਾਰ ਦੇ ਧਿਆਨ ਵਿਚ ਆਇਆ ਹੈ, ਜਦੋਂਕਿ ਉਕਤ ਦਰਜ਼ ਪੱਤਰ ਰਾਹੀਂ ਪਹਿਲਾਂ ਹੀ ਸਪਸ਼ਟ ਕੀਤਾ ਜਾ ਚੁੱਕਾ ਹੈ ਕਿ ਰਾਖਵੇਂਕਰਨ ਦਾ ਹਿਸਾਬ ਗਣਿਤ ਵਿਧੀ ਨਾਲ ਨਹੀਂ ਲਗਾਇਆ ਜਾਣਾ ਅਤੇ ਨਾ ਹੀ ਹਰੇਕ ਆਸਾਮੀ ਤੇ ਰੋਸਟਰ ਰਜਿਸਟਰ ਦੇ ਹਿੱਸੇ ਬਣਾ ਕੇ ਲਗਾਇਆ ਜਾਣਾ ਹੈ। ਆਪ ਨੂੰ ਮੁੜ ਲਿਖਿਆ ਜਾਂਦਾ ਹੈ ਕਿ ਰਾਖਵੇਂਕਰਨ ਦਾ ਹਿਸਾਬ ਕੇਵਲ 100 ਨੁਕਾਤੀ ਰੋਸਟਰ ਵਿਚ ਨਿਸ਼ਚਤ ਕੀਤੇ ਨੁਕਤਿਆਂ ਅਨੁਸਾਰ ਹੀ ਲਗਾਇਆ ਜਾਣਾ ਹੈ ਅਤੇ ਸਰਕਾਰ ਵਲੋਂ ਜਾਰੀ ਕੀਤੀਆਂ ਗਈਆਂ ਹਦਾਇਤਾਂ ਨੰ: 3/8/95-ਰਸ3/4853-54, ਮਿਤੀ: 10/12.7.95 ਅਤੇ ਪੱਤਰ ਨੰ: 2/27/2004-ਰਸ1/1763-71 ਮਿਤੀ 30.12.2004 ਅਨੁਸਾਰ ਆਪਣੀ ਸੀਨੀਆਰਤਾ-ਕਮ-ਮੈਰਿਟ ਤੇ ਆਏ ਅਨੁਸੂਚਿਤ ਜਾਤੀ ਅਤੇ ਪਛੜੀ ਸ਼੍ਰੇਣੀ ਦੇ ਉਮੀਦਵਾਰਾਂ ਨੂੰ ਰਾਖਵੇਂਕਰਨ ਦਾ ਹਿਸਾਬ ਲਗਾਉਂਦੇ ਸਮੇਂ ਰਿਜ਼ਰਵੇਸ਼ਨ ਵਿਚ ਨਹੀਂ ਗਿਣਿਆ ਜਾਣਾ।

2. ਇਸ ਸਬੰਧ ਵਿੱਚ ਆਪ ਦਾ ਧਿਆਨ ਮੁੱਖ ਸਕੱਤਰ, ਪੰਜਾਬ ਜੀ ਵਲੋਂ ਜਾਰੀ ਅਰਧ ਸਰਕਾਰੀ ਪੱਤਰ ਨੰ: 1/23/09-ਰਸ1/914-959, ਮਿਤੀ 9.7.09 ਵੱਲ ਦਿਵਾਉਂਦੇ ਹੋਏ ਇਹ ਵੀ ਲਿਖਿਆ ਜਾਂਦਾ ਹੈ ਕਿ

ਜੇਕਰ ਕਿਸੇ ਕਰਮਚਾਰੀ/ਅਧਿਕਾਰੀ ਵਲੋਂ ਰਿਜ਼ਰਵੇਸ਼ਨ ਨੀਤੀ ਦੀ ਉਲੰਘਣਾ ਕੀਤੀ ਗਈ ਤਾਂ ਉਸ ਵਿਰੁੱਧ ਰਿਜਰਵੇਸ਼ਨ ਐਕਟ, 2006 ਦੇ ਸੈਕਸ਼ਨ-8 ਜਾਂ ਅਜਿਹੇ ਹੋਰ ਐਕਟ ਵਿਚ ਦਰਜ਼ ਉਪਬੰਧਾਂ ਅਨੁਸਾਰ ਕਾਰਵਾਈ ਕੀਤੀ ਜਾਵੇਗੀ।

3. ਇਹ ਹਦਾਇਤਾਂ ਆਪਣੇ ਅਧੀਨ ਸਮੂਹ ਵਿਭਾਗਾਂ ਅਤੇ ਕੰਮ ਕਰ ਰਹੇ ਕਰਮਚਾਰੀਆਂ/ਅਧਿਕਾਰੀਆਂ ਦੇ ਧਿਆਨ ਵਿੱਚ ਇੰਨ-ਬਿੰਨ ਪਾਲਣਾ ਹਿੱਤ ਲਿਆਉਣ ਦੀ ਖੇਚਲ ਕੀਤੀ ਜਾਵੇ।

ਵਿਸ਼ਵਾਸਪਾਤਰ,

(ਟੀ.ਕੇ.ਗੋਇਲ)
ਸੰਯੁਕਤ ਸਕੱਤਰ ਭਲਾਈ

ਇਸ ਦਾ ਇਕ ਉਤਾਰਾ ਰਾਜ ਦੇ ਸਮੂਹ ਵਿੱਤੀ ਕਮਿਸ਼ਨਰਾਂ, ਪ੍ਰਮੁੱਖ ਸਕੱਤਰਾਂ ਅਤੇ ਪ੍ਰਬੰਧਕੀ ਸਕੱਤਰਾਂ ਨੂੰ ਸੂਚਨਾ ਅਤੇ ਅਗਲੇਰੀ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਸੰਯੁਕਤ ਸਕੱਤਰ ਭਲਾਈ

ਸੇਵਾ ਵਿਖੇ,

ਰਾਜ ਦੇ ਸਮੂਹ ਵਿੱਤੀ ਕਮਿਸ਼ਨਰ,
ਸਮੂਹ ਪ੍ਰਮੁੱਖ ਸਕੱਤਰ ਅਤੇ
ਸਮੂਹ ਪ੍ਰਬੰਧਕੀ ਸਕੱਤਰ।

ਓ: ਵਿ: ਪੱ: ਨੰ: 3/28/2009-ਰਸ1/1602 ਮਿਤੀ, ਚੰਡੀਗੜ੍ਹ, 9/11/09
ਪਿੱਠਅੰਕਣ ਨੰ: 3/28/2009ਰਸ1/ 1603 ਮਿਤੀ, ਚੰਡੀਗੜ੍ਹ, 9/11/09

ਉਤਾਰਾ ਡਾਇਰੈਕਟਰ, ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼੍ਰੇਣੀਆਂ ਭਲਾਈ ਵਿਭਾਗ, ਪੰਜਾਬ, ਸੈਕਟਰ-34, ਚੰਡੀਗੜ੍ਹ ਨੂੰ ਸੂਚਨਾ ਹਿਤ ਭੇਜਿਆ ਜਾਂਦਾ ਹੈ।

ਸੰਯੁਕਤ ਸਕੱਤਰ ਭਲਾਈ